ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 4296 ਮਿਤੀ: 30/12/22

ਵਿਸ਼ਾ:- ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 30/12/2022 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 73 ਤੋਂ 74 ਮਿਤੀ 30/12/2022 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 4297-4300 ਮਿਤੀ: 30/12/22

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

Scanned with CamScanner

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ:30.12.2022 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 73, 30.12.2022 | ਰਿਪੋਰਟ ਵੱਲੋਂ ਡੀ.ਸੀ.ਐਫ.ਏ ਨਗਰ ਨਿਗਮ ਫਗਵਾੜਾ ਕਿ ਸਰਕਾਰ ਵਲੋ ਪੰਜਾਬ ਮਿਊਸਿਪਲ ਅਕਾਊਟਿੰਗ ਰਿਫੋਰਮਜ.ਲਾਗੂ ਕਰਨ ਲਈ ਹਦਾਇਤ ਹੋਈ ਹੈ । ਇਸ ਸਬੰਧ ਵਿੱਚ ਸਾਰੇ ਅਮਰੂਤ ਸ਼ਹਿਰ ਅਤੇ ਨਗਰ ਨਿਗਮਾਂ ਨੂੰ ਇਕ ਪ੍ਰੋਫੈਸ਼ਨਲ ਚਾਰਟਡ ਅਕਾਊਟੈਟ ਰੱਖਣ ਲਈ ਸਰਕਾਰ ਵਲੋਂ ਹਿਦਾਇਤ ਕੀਤੀ ਗਈ ਹੈ ਜੋ ਕਿ ਪੰਜਾਬ ਮਿਉਸੀਪਲ ਅਕਾਉਂਟਿੰਗ ਮੈਨੁਅਲ ਦੇ ਅਧਾਰ ਤੇ ਨਗਰ ਨਿਗਮ ਵਿੱਚ ਅਕਰੁਅਲ ਬੇਸ ਡਬਲ ਐਂਟਰੀ ਅਕਾਉਂਟਿੰਗ ਸਿਸਟਮ ਲਾਗੂ ਕਰਨਗੇ । ਨਗਰ ਨਿਗਮ ਫਗਵਾੜਾ ਲਈ ਚਾਰਟਡ ਅਕਾਊਟੈਟ ਰੱਖਣ ਲਈ ਵੱਖ-ਵੱਖ ਚਾਰਟਡ ਅਕਾਊਟੈਟ ਫਰਮਾਂ ਤੋਂ Expression of interest ਲਏ ਗਏ । ਜਿਸ ਵਿਚੋਂ N.K GABA and CO (ਚਾਰਟਡ ਅਕਾਊਟੈਟ) ਦੇ ਰੇਟ ਸਭ ਤੋਂ ਘੱਟ ਹਨ ਜੋ ਕਿ ਰੁ: 16000/- ਪ੍ਰਤੀ ਮਹੀਨਾਂ (ਟੈਕਸ ਤੋਂ ਇਲਾਵਾ) ਹਨ । ਇਹ ਚਾਰਟਡ ਅਕਾਊਟੈਟ ਫਰਮ ਵਲੋਂ ਇੱਕ ਡਾਟਾ ਐਂਟਰੀ ਆਪਰੇਟਰ ਵੀ ਲਗਾਇਆ ਜਾਵੇਗਾ ਅਤੇ ਸਰਕਾਰ ਵਲੋਂ ਨਿਰਧਾਰਿਤ Terms of reference ਅਨੁਸਾਰ ਅਤੇ ਈ ਬਜਟ ਦਾ ਕੰਮ ਕੀਤਾ ਜਾਵੇਗਾ । ਉਪਰੋਕਤ ਤੱਥਾਂ ਨੂੰ ਮੁੱਖ ਰਖਦੇ ਹੋਏ N.K GABA and ਚਾਰਟਡ ਅਕਾਊਟੈਟ ਨੂੰ 2022-23 ਦੀ Balance Sheet ਸਮੇਤ Opening Balance Sheet ਵਿੱਤੀ ਸਾਲ (2022-23) ਨੂੰ ਤਿਆਰ ਕਰਨ ਲਈ ਉਪਰੋਕਤ ਰੇਟਾਂ ਤੇ ਰਖੱਣ ਲਈ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ । | ------ | ਸੂਚਨਾ ਹਿੱਤ। |
| 2 | 74, 30.12.2022 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਨਗਰ ਨਿਗਮ ਫਗਵਾੜਾ ਕਿ ਨਗਰ ਨਿਗਮ, ਫਗਵਾੜਾ ਵਿਖੇ ਵਾਟਰ ਸਪਲਾਈ ਤੇ ਸੀਵਰੇਜ ਦੀ ਸਾਂਭ-ਸੰਭਾਲ ਦਾ ਕੰਮ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਨੂੰ ਮੁੜ ਵਾਪਸ ਸੌਂਪਣ ਤੇ ਆ ਰਹੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਲਈ ਮਿਤੀ 20.12.2022 ਨੂੰ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਨਿਮਨ ਲਿਖਤ ਅਨੁਸਾਰ ਅਧਿਕਾਰੀ ਸ਼ਾਮਿਲ ਹੋਏ :- | ------ | ਸੂਚਨਾ ਹਿੱਤ। |

Scanned with CamScanner

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| | | 1. ਡਾ. ਨਯਨ ਜੱਸਲ, ਪੀ.ਸੀ.ਐਸ. ਨਗਰ ਨਿਗਮ, ਫਗਵਾੜਾ।<br>2. ਸ੍ਰੀ.ਜੀ.ਪੀ ਸਿੰਘ, ਸੁਪਰਡੰਟ ਇੰਜੀਨੀਅਰ (ਕੁਆਲਿਟੀ ਕੰਟਰੋਲ), ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ, ਚੰਡੀਗੜ੍ਹ।<br>3. ਸ੍ਰੀ ਸ਼ਾਮ ਲਾਲ ਗੁਪਤਾ, ਸੁਪਰਡੰਟ ਇੰਜੀਨੀਅਰ, ਨਗਰ ਨਿਗਮ, ਫਗਵਾੜਾ।<br>ਨਗਰ ਨਿਗਮ, ਫਗਵਾੜਾ ਵਿਖੇ ਪ੍ਰਾਪਤ ਹੋਈ ਮੀਟਿੰਗ ਦੀ ਕਾਰਵਾਈ ਦੇ ਪੁਆਇੰਟ ਨੰ: 03 ਅਨੁਸਾਰ ਨਗਰ ਨਿਗਮ ਫਗਵਾੜਾ ਵਿਖੇ ਕੰਮ ਕਰ ਰਹੇ 26 ਸੀਵਰਮੈਨਾਂ ਵਿਚੋਂ 07 ਸੀਵਰਮੈਨ ਡੈਪੂਟੇਸ਼ਨ ਤੇ ਵਾਪਸ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਪਾਸ ਜਾਣ ਲਈ ਸਹਿਮਤ ਹਨ, ਅਤੇ ਬਾਕੀ ਸੀਵਰਮੈਨ ਨਗਰ ਨਿਗਮ ਫਗਵਾੜਾ ਵਿਖੇ ਹੀ ਸਫਾਈ ਸੇਵਕ/ਸੇਵਾਦਾਰ ਦੀ ਅਸਾਮੀਆਂ ਤੇ ਕੰਮ ਕਰਨ ਲਈ ਇਛੁੱਕ ਹਨ।<br>ਉਕਤ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਹੁਣ 26 ਸੀਵਰਮੈਨਾਂ ਵਿੱਚੋਂ ਕੇਵਲ 06 ਸੀਵਰਮੈਨ ਹੀ ਡੈਪੂਟੇਸ਼ਨ ਤੇ ਵਾਪਸ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਪਾਸ ਜਾਣ ਲਈ ਸਹਿਮਤ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-<br>1. ਸ੍ਰੀ ਰਵੀ ਕੁਮਾਰ ਪੁੱਤਰ ਸ੍ਰੀ ਕਸ਼ਮੀਰੀ ਲਾਲ<br>2. ਸ੍ਰੀ ਰਾਮ ਪਾਲ ਪੁੱਤਰ ਸ੍ਰੀ ਦੇਵ ਰਾਜ<br>3. ਸ੍ਰੀ ਗੋਰੀ ਪੁੱਤਰ ਸ੍ਰੀ ਤੇਲ ਰਾਮ<br>4. ਸ੍ਰੀ ਬਿੱਟੂ ਪੁੱਤਰ ਸ੍ਰੀ ਸੁਰਿੰਦਰ ਪਾਲ<br>5. ਸ੍ਰੀ ਰੌਕੀ ਪੁੱਤਰ ਸ੍ਰੀ ਰਾਮ ਕ੍ਰਿਸ਼ਨ<br>6. ਸ੍ਰੀ ਸੂਰਜ ਚੰਦ ਪੁੱਤਰ ਸ੍ਰੀ ਰਾਮ ਸਿੰਘ<br>ਇਸ ਲਈ ਉਕਤ 06 ਸੀਵਰਮੈਨ ਕਰਮਚਾਰੀਆਂ ਨੂੰ ਡੈਪੂਟੇਸ਼ਨ ਤੇ ਵਾਪਸ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਪਾਸ ਭੇਜਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿਤ ਰਿਪੋਰਟ ਪੇਸ਼ ਹੈ ਜੀ। | | |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ

Scanned with CamScanner